HM Government

# ਵਿੰਡਰਸ਼ ਹੈਲਪ ਟੀਮ

## ਤੁਹਾਡੇ ਅਤੇ ਤੁਹਾਡੇ ਪਰਿਵਾਰ ਦਾ ਸਮਰਥਨ ਕਰਨ ਲਈ ਮੌਜੂਦ



ਜੇ ਤੁਸੀਂ ਜਾਂ ਤੁਹਾਡੇ ਮਾਪੇ 1973 ਤੋਂ ਪਹਿਲਾਂ ਕਿਸੇ ਰਾਸ਼ਟਰਮੰਡਲ (ਕਾਮਨਵੈਲਥ) ਦੇਸ਼ ਤੋਂ ਯੂਕੇ ਆਏ ਸੀ, ਜਾਂ ਤੁਸੀਂ 1988 ਦੇ ਸਮਾਪਤ ਹੋਣ ਤੋਂ ਪਹਿਲਾਂ ਕਿਸੇ ਵੀ ਦੇਸ਼ ਤੋਂ ਯੂਕੇ ਆਏ ਸੀ, ਤਾਂ ਅਸੀਂ ਤੁਹਾਡੀ ਕਾਨੂੰਨੀ ਸਥਿਤੀ ਦਿਖਾਉਣ ਲਈ ਦਸਤਾਵੇਜ਼ ਪ੍ਰਾਪਤ ਕਰਨ ਵਿੱਚ ਤੁਹਾਡੀ ਮਦਦ ਕਰ ਸਕਦੇ ਹਾਂ। ਅਸੀਂ ਮੁਆਵਜ਼ੇ ਦਾ ਦਾਅਵਾ ਕਰਨ ਵਿੱਚ ਵੀ ਤੁਹਾਡੀ ਮਦਦ ਕਰ ਸਕਦੇ ਹਾਂ ਜਿਸ ਦੇ ਤੁਸੀਂ ਹੱਕਦਾਰ ਹੋ।



## ਕੌਣ ਮਦਦ ਲੈ ਸਕਦਾ ਹੈ?

ਤੁਸੀਂ ਮਦਦ ਪ੍ਰਾਪਤ ਕਰਨ ਦੇ ਯੋਗ ਹੋ ਸਕਦੇ ਹੋ ਜੇ ਤੁਸੀਂ ਯੂਕੇ ਵਿੱਚ ਆਪਣੀ ਕਾਨੂੰਨੀ ਸਥਿਤੀ ਬਾਰੇ ਉਲਝਣ ਵਿੱਚ ਹੋ ਜਾਂ ਨਿਸ਼ਚਿਤ ਨਹੀਂ ਹੋ। ਤੁਹਾਨੂੰ ਤਾਂ ਵੀ ਮਦਦ ਵੀ ਮਿਲ ਸਕਦੀ ਹੈ ਜੇ ਤੁਹਾਨੂੰ ਇਸ ਕਰਕੇ ਨੁਕਸਾਨ ਹੋਇਆ ਸੀ ਕਿਉਂਕਿ ਤੁਸੀਂ ਆਪਣੀ ਕਾਨੂੰਨੀ ਸਥਿਤੀ ਨੂੰ ਸਾਬਤ ਨਹੀਂ ਕਰ ਸਕੇ ਸੀ। ਇਹ ਲਾਗੂ ਹੁੰਦਾ ਹੈ ਜੇ:

- ਤੁਸੀਂ ਜਾਂ ਤੁਹਾਡੇ ਮਾਪੇ **1973** ਤੋਂ ਪਹਿਲਾਂ ਕਿਸੇ ਰਾਸ਼ਟਰਮੰਡਲ ਦੇਸ਼ ਤੋਂ ਯੂਕੇ ਆਏ ਸੀ
- ਤੁਸੀਂ **1988** ਦੇ ਸਮਾਪਤ ਹੋਣ ਤੋਂ ਪਹਿਲਾਂ ਕਿਸੇ ਵੀ ਦੇਸ਼ ਤੋਂ ਯੂਕੇ ਆਏ ਸੀ
- ਕੁਝ ਪੋਤੇ-ਪੋਤੀਆਂ/ਦੋਹਤੇ-ਦੋਹਤੀਆਂ ਅਤੇ ਨਜ਼ਦੀਕੀ ਪਰਿਵਾਰਕ ਮੈਂਬਰ ਵੀ ਮੁਆਵਜ਼ੇ ਦਾ ਦਾਅਵਾ ਕਰਨ ਦੇ ਯੋਗ ਹੋ ਸਕਦੇ ਹਨ।

## ਤੁਸੀਂ ਯੂਕੇ ਵਿੱਚ ਰਹਿਣ ਦਾ ਆਪਣਾ ਹੱਕ ਦਿਖਾਉਣ ਲਈ ਦਸਤਾਵੇਜ਼ ਕਿਵੇਂ ਪ੍ਰਾਪਤ ਕਰ ਸਕਦੇ ਹੋ?

ਕਈ ਸਾਲ ਪਹਿਲਾਂ ਯੂਕੇ ਵਿੱਚ ਕਾਨੂੰਨੀ ਤੌਰ 'ਤੇ ਸੈਟਲ ਹੋਏ ਕੁਝ ਲੋਕਾਂ ਕੋਲ ਇੱਥੇ ਰਹਿਣ ਅਤੇ ਕੰਮ ਕਰਨ ਦਾ ਆਪਣਾ ਕਾਨੂੰਨੀ ਹੱਕ ਦਰਸਾਉਣ ਲਈ ਦਸਤਾਵੇਜ਼ ਨਹੀਂ ਹਨ। ਸਰਕਾਰ ਦੀ ਵਿੰਡਰਸ਼ ਹੈਲਪ ਟੀਮ ਇਹਨਾਂ ਦਸਤਾਵੇਜ਼ਾਂ ਨੂੰ ਮੁਫ਼ਤ ਪ੍ਰਾਪਤ ਕਰਨ ਵਿੱਚ ਲੋਕਾਂ ਦੀ ਸਹਾਇਤਾ ਕਰਦੀ ਹੈ।

## ਤੁਸੀਂ ਕਿਸ ਲਈ ਮੁਆਵਜ਼ੇ ਦਾ ਦਾਅਵਾ ਕਰ ਸਕਦੇ ਹੋ?

ਵਿੰਡਰਸ਼ ਹੈਲਪ ਟੀਮ ਮੁਆਵਜ਼ੇ ਦਾ ਦਾਅਵਾ ਕਰਨ ਵਿੱਚ ਵੀ ਲੋਕਾਂ ਦੀ ਮਦਦ ਕਰਦੀ ਹੈ। ਜੇ ਤੁਸੀਂ ਇਸ ਕਰਕੇ ਨੌਕਰੀਆਂ ਅਤੇ ਸਿਹਤ ਸੰਭਾਲ ਵਰਗੀਆਂ ਚੀਜ਼ਾਂ ਗੁਆਈਆਂ ਹਨ ਕਿਉਂਕਿ ਤੁਸੀਂ ਯੂਕੇ ਵਿੱਚ ਰਹਿਣ ਦੇ ਆਪਣੇ ਹੱਕ ਨੂੰ ਸਾਬਤ ਨਹੀਂ ਕਰ ਸਕੇ ਸੀ, ਤਾਂ ਤੁਸੀਂ ਮੁਆਵਜ਼ੇ ਦਾ ਦਾਅਵਾ ਕਰ ਸਕਦੇ ਹੋ।

ਤੁਸੀਂ ਸ਼ਾਇਦ ਮੁਆਵਜ਼ੇ ਦਾ ਦਾਅਵਾ ਕਰ ਹੋ ਸਕਦੇ ਹੋ ਜੇ ਤੁਸੀਂ:

- ਰੁਜ਼ਗਾਰ, ਰਿਹਾਇਸ਼, ਸਿਹਤ ਸੰਭਾਲ, ਸਿੱਖਿਆ, ਬੈਂਕਿੰਗ, ਲਾਭ ਜਾਂ ਡ੍ਰਾਇਵਿੰਗ ਤੱਕ ਪਹੁੰਚ ਗੁਆਈ ਹੈ
- ਇਮੀਗ੍ਰੇਸ਼ਨ ਅਰਜ਼ੀ ਦੇ ਸਫਲ ਨਾ ਹੋਣ ਕਾਰਨ ਖਰਚੇ ਝੱਲੇ ਹਨ
- ਤੁਹਾਨੂੰ ਹਿਰਾਸਤ ਵਿੱਚ ਲਿਆ ਗਿਆ ਸੀ, ਦੇਸ਼ ਨਿਕਾਲਾ ਦਿੱਤਾ ਗਿਆ ਜਾਂ ਵਾਪਸ ਭੇਜਿਆ ਗਿਆ ਸੀ, ਜਾਂ ਤੁਹਾਡੀ ਰੋਜ਼ਾਨਾ ਜ਼ਿੰਦਗੀ 'ਤੇ ਅਸਰ ਪਿਆ ਸੀ

# ਵਿੰਡਰਸ਼ ਸਕੀਮ ਦੁਆਰਾ ਮਦਦ ਪ੍ਰਾਪਤ ਕਰਨ ਵਾਲੇ ਲੋਕਾਂ ਦੀਆਂ ਉਦਾਹਰਨਾਂ

## ਕ੍ਰਿਸਟਫਰ

ਕ੍ਰਿਸਟਫਰ ਦੇ ਪਿਤਾ 1970 ਵਿੱਚ ਗ੍ਰੇਨਾਡਾ ਤੋਂ ਯੂਕੇ ਆਏ ਸਨ। ਕ੍ਰਿਸਟਫਰ ਆਪਣੀ ਮਾਂ ਨਾਲ ਯੂਕੇ ਆਇਆ ਸੀ ਜਦੋਂ ਉਹ ਅੱਠ ਸਾਲਾਂ ਦਾ ਸੀ। ਉਹ ਉਦੋਂ ਤੋਂ ਯੂਕੇ ਵਿੱਚ ਰਿਹਾ ਹੈ। ਕ੍ਰਿਸਟਫਰ ਦੇ ਦੋਵੇਂ ਮਾਪਿਆਂ ਦੀ ਬਹੁਤ ਸਾਲ ਪਹਿਲਾਂ ਮੌਤ ਹੋ ਗਈ ਸੀ। ਕ੍ਰਿਸਟਫਰ NHS ਲਈ ਕੰਮ ਕਰਦਾ ਹੈ। ਕ੍ਰਿਸਟਫਰ ਨੇ ਬ੍ਰਿਟਿਸ਼ ਨਾਗਰਿਕਤਾ ਪ੍ਰਾਪਤ ਕਰਨ ਲਈ ਵਿੰਡਰਸ਼ ਸਕੀਮ ਤੋਂ ਮਦਦ ਦੀ ਮੰਗ ਕੀਤੀ।

ਉਸਨੂੰ ਆਪਣੇ ਮਾਪਿਆਂ ਬਾਰੇ ਕੁਝ ਵੇਰਵੇ ਯਾਦ ਨਹੀਂ ਸਨ, ਜਿਵੇਂ ਕਿ ਉਹ ਕਦੋਂ ਯੂਕੇ ਆਏ ਅਤੇ ਉਹਨਾਂ ਦੀ ਸਥਿਤੀ ਕੀ ਸੀ। ਵਿੰਡਰਸ਼ ਸਕੀਮ ਨੇ ਕ੍ਰਿਸਟੋਫਰ ਅਤੇ ਉਸਦੇ ਮਾਪਿਆਂ ਬਾਰੇ ਜਾਣਕਾਰੀ ਦੀ ਭਾਲ ਕੀਤੀ, ਤਾਂ ਜੋ ਉਹ ਸਾਬਤ ਕਰ ਸਕੇ ਕਿ ਉਸਨੂੰ ਯੂਕੇ ਵਿੱਚ ਰਹਿਣ ਦੀ ਇਜਾਜ਼ਤ ਹੈ। ਉਹਨਾਂ ਨੂੰ ਸਰਕਾਰੀ ਰਿਕਾਰਡ ਮਿਲੇ ਜਿਸ ਤੋਂ ਪਤਾ ਲੱਗਾ ਹੈ ਕਿ ਕ੍ਰਿਸਟਫਰ ਦੇ ਮਾਪੇ ਯੂਕੇ ਪਹੁੰਚਣ ਦੇ ਬਾਅਦ ਤੋਂ ਯੂਕੇ ਵਿੱਚ ਹੀ ਰਹੇ ਹਨ, ਅਤੇ ਉਸਦੇ ਪਿਤਾ 1973 ਤੋਂ ਪਹਿਲਾਂ ਇਥੇ ਕੰਮ ਕਰ ਰਹੇ ਸਨ। ਇਹ ਦਰਸਾਉਂਦਾ ਹੈ ਕਿ ਉਸਦੇ ਪਿਤਾ 1 ਜਨਵਰੀ 1973 ਤੋਂ ਪਹਿਲਾਂ ਸੈਟਲ ਹੋ ਗਏ ਸਨ।

**ਕ੍ਰਿਸਟਫਰ ਨੂੰ ਬ੍ਰਿਟਿਸ਼ ਨਾਗਰਿਕਤਾ ਦਿੱਤੀ ਗਈ।**

## ਪੈਟਰਿਸ਼ਾ

ਪੈਟਰਿਸ਼ਾ 1963 ਵਿੱਚ ਆਪਣੇ ਮਾਪਿਆਂ ਨਾਲ ਜਮਾਇਕਾ ਤੋਂ ਯੂਕੇ ਆਈ ਸੀ ਜਦੋਂ ਉਹ ਪੰਜ ਸਾਲਾਂ ਦੀ ਸੀ। ਉਹ ਉਦੋਂ ਤੋਂ ਯੂਕੇ ਵਿੱਚ ਰਹੀ ਹੈ। ਉਸ ਕੋਲ ਇਹ ਸਾਬਤ ਕਰਨ ਲਈ ਕੁਝ ਨਹੀਂ ਸੀ ਕਿ ਉਸਨੂੰ ਯੂਕੇ ਵਿੱਚ ਰਹਿਣ ਦੀ ਇਜਾਜ਼ਤ ਸੀ।

ਪੈਟਰਿਸ਼ਾ ਨੇ ਵਿੰਡਰਸ਼ ਸਕੀਮ ਨਾਲ ਸੰਪਰਕ ਕੀਤਾ। ਉਹਨਾਂ ਨੇ ਦੱਸਿਆ ਕਿ ਅਰਜ਼ੀ ਕਿਵੇਂ ਦੇਣੀ ਹੈ। ਉਹਨਾਂ ਨੇ ਸਰਕਾਰੀ ਰਿਕਾਰਡਾਂ ਵਿੱਚ ਉਸਦੀ ਸਥਿਤੀ ਅਤੇ ਲੰਬੇ ਸਮੇਂ ਦੀ ਰਿਹਾਇਸ਼ ਦੇ ਸਬੂਤ ਦੀ ਭਾਲ ਵਿੱਚ ਉਸ ਦੀ ਮਦਦ ਕੀਤੀ।

**ਉਸ ਨੂੰ ਬਿਨਾਂ ਕਿਸੇ ਹੋਰ ਟੈਸਟਾਂ ਦੀ ਲੋੜ ਦੇ ਮੁਫ਼ਤ ਵਿੱਚ ਬ੍ਰਿਟਿਸ਼ ਨਾਗਰਿਕਤਾ ਦਿੱਤੀ ਗਈ।**

## ਸੰਦੀਪ

ਸੰਦੀਪ ਭਾਰਤ ਤੋਂ ਬ੍ਰਿਟੇਨ ਆਇਆ ਸੀ ਅਤੇ 1970 ਵਿੱਚ 20 ਸਾਲ ਦੀ ਉਮਰ ਵਿੱਚ ਇੱਥੇ ਵਸ ਗਿਆ ਸੀ। ਉਸਨੇ ਯੂਕੇ ਵਿੱਚ ਇੱਕ ਕਾਰੋਬਾਰ ਸਥਾਪਤ ਕੀਤਾ। 2008 ਵਿੱਚ ਉਹ ਆਪਣੇ ਬਜ਼ੁਰਗ ਮਾਪਿਆਂ ਦੀ ਦੇਖ-ਭਾਲ ਕਰਨ ਲਈ ਭਾਰਤ ਵਾਪਸ ਚਲਾ ਗਿਆ। ਉਸਨੇ ਆਪਣੇ ਕਾਰੋਬਾਰ ਨੂੰ ਯੂਕੇ ਵਿੱਚ ਕਿਰਿਆਸ਼ੀਲ ਰੱਖਿਆ। ਉਸਦੇ ਦੋ ਬੱਚੇ ਅਤੇ ਉਹਨਾਂ ਦੇ ਪਰਿਵਾਰ ਹਾਲੇ ਵੀ ਇੱਥੇ ਰਹਿੰਦੇ ਸਨ ਅਤੇ ਉਹ ਬਕਾਇਦਾ ਯੂਕੇ ਆਉਂਦਾ ਰਹਿੰਦਾ ਸੀ।

ਜਦੋਂ ਭਾਰਤ ਵਿੱਚ ਸੰਦੀਪ ਦੇ ਮਾਤਾ-ਪਿਤਾ ਦੀ ਮੌਤ ਹੋ ਗਈ, ਉਹ ਰਹਿਣ ਲਈ ਯੂਕੇ ਵਾਪਸ ਆਉਣਾ ਚਾਹੁੰਦਾ ਸੀ। ਉਸਨੂੰ ਛੇ ਮਹੀਨਿਆਂ ਦਾ ਵਿਜ਼ਿਟ ਵੀਜ਼ਾ ਮਿਲਿਆ, ਅਤੇ ਪਹੁੰਚਣ 'ਤੇ ਮਦਦ ਲਈ ਵਿੰਡਰਸ਼ ਸਕੀਮ ਨਾਲ ਸੰਪਰਕ ਕੀਤਾ।

**ਸੰਦੀਪ ਨੂੰ ਯੂਕੇ ਨਾਲ ਉਸਦੇ ਮਜ਼ਬੂਤ ਸਬੰਧਾਂ ਕਾਰਨ ‘ਅਣਮਿੱਥੇ ਸਮੇਂ ਲਈ ਰਹਿਣ ਦੀ ਇਜਾਜ਼ਤ’ ਦਿੱਤੀ ਗਈ।**

## ਇਵੋਨ

ਇਵੋਨ 75 ਸਾਲ ਦੀ ਹੈ ਅਤੇ 1966 ਵਿੱਚ ਆਪਣੇ ਪਤੀ ਨਾਲ ਆਈ ਸੀ। ਉਹਨਾਂ ਦੇ ਦੋ ਬੱਚੇ ਹਨ ਜੋ ਯੂਕੇ ਵਿੱਚ ਪੈਦਾ ਹੋਏ ਸਨ ਅਤੇ ਹਾਲੇ ਵੀ ਇੱਥੇ ਰਹਿੰਦੇ ਹਨ। ਇਵੋਨ ਅਤੇ ਉਸਦਾ ਪਤੀ 2008 ਵਿੱਚ ਰਿਟਾਇਰ ਹੋ ਕੇ ਨਾਈਜੀਰੀਆ ਚਲੇ ਗਏ ਸਨ। ਉਹ ਆਪਣੇ ਪਰਿਵਾਰ ਨੂੰ ਦੇਖਣ ਲਈ ਅਕਸਰ ਯੂਕੇ ਆਉਂਦੀ ਹੈ।

ਜਦੋਂ ਉਸਦੇ ਪਤੀ ਦੀ ਮੌਤ ਹੋ ਗਈ, ਇਵੋਨ ਆਪਣੀ ਬੇਟੀ ਨਾਲ ਰਹਿਣ ਲਈ ਯੂਕੇ ਵਾਪਸ ਆਉਣਾ ਚਾਹੁੰਦੀ ਸੀ।

ਵਿੰਡਰਸ਼ ਸਕੀਮ ਦੀ ਟੀਮ ਨੇ ਯੂਕੇ ਨਾਲ ਮਜ਼ਬੂਤ ਸੰਬੰਧਾਂ ਕਰਕੇ 'ਰਿਟਰਨਿੰਗ ਰੈਜ਼ੀਡੈਂਟ ਵੀਜ਼ਾ' ਪ੍ਰਾਪਤ ਕਰਨ ਵਿੱਚ ਇਵੋਨ ਦੀ ਮਦਦ ਕੀਤੀ। ਹੁਣ ਵਾਪਸ ਯੂਕੇ ਵਿੱਚ ਉਸ ਨੂੰ ਇਹ ਸਾਬਤ ਕਰਨ ਲਈ ਇੱਕ ਹੋਰ ਦਸਤਾਵੇਜ਼ ਦਿੱਤਾ ਗਿਆ ਹੈ ਕਿ ਉਹ ਯੂਕੇ ਵਿੱਚ ‘ਸੈਟਲਡ’ ਹੈ।

## ਹੋਰ ਜਾਣਨ ਲਈ ਵਿੰਡਰਸ਼ ਹੈਲਪ ਟੀਮ ਨਾਲ ਸੰਪਰਕ ਕਰੋ

ਤੁਸੀਂ ਸਾਨੂੰ ਜੋ ਕੁਝ ਵੀ ਦੱਸਦੇ ਹੋ ਉਸਨੂੰ ਸੰਵੇਦਨਸ਼ੀਲਤਾ ਵਰਤਿਆ ਜਾਏਗਾ ਅਤੇ ਤੁਹਾਡੀ ਜਾਣਕਾਰੀ ਇਮੀਗ੍ਰੇਸ਼ਨ ਇਨਫੋਰਸਮੈਂਟ ਨੂੰ ਨਹੀਂ ਦਿੱਤੀ ਜਾਵੇਗੀ।

**ਮੁਫ਼ਤ ਹੈਲਪਲਾਈਨ ਨੂੰ ਕਾਲ ਕਰੋ: 0800 678 1925**

**ਇਸ ਵੈੱਬਸਾਈਟ 'ਤੇ ਜਾਓ: GOV.UK/WindrushHelpTeam**

**ਹੋਰ ਜਾਣਨ ਲਈ ਵਿੰਡਰਸ਼ ਹੈਲਪ ਟੀਮ ਨਾਲ ਸੰਪਰਕ ਕਰੋ**

**ਮੁਫ਼ਤ ਹੈਲਪਲਾਈਨ ਨੂੰ ਕਾਲ ਕਰੋ: 0800 678 1925**

**ਇਸ ਵੈੱਬਸਾਈਟ 'ਤੇ ਜਾਓ: GOV.UK/WindrushHelpTeam**

ਤੁਸੀਂ ਸਾਨੂੰ ਜੋ ਕੁਝ ਵੀ ਦੱਸਦੇ ਹੋ ਉਸਨੂੰ ਸੰਵੇਦਨਸ਼ੀਲਤਾ ਵਰਤਿਆ ਜਾਏਗਾ ਅਤੇ ਤੁਹਾਡੀ ਜਾਣਕਾਰੀ ਇਮੀਗ੍ਰੇਸ਼ਨ ਇਨਫੋਰਸਮੈਂਟ ਨੂੰ ਨਹੀਂ ਦਿੱਤੀ ਜਾਵੇਗੀ।